# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ।

ਮੀਮੋ ਨੰ:ਐਸਐਸਏ/ਐਮਸੀ/2009/76359-76398
ਮਿਤੀ,ਚੰਡੀਗੜ੍ਹ 19 ਨਵੰਬਰ 2009

**ਵਿਸ਼ਾ:- ਅਭਿਆਸ ਪੁਸਤਕਾਂ ਬਾਰੇ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2.0 ਸਮੇਂ ਸਮੇਂ ਤੇ ਕੀਤੇ ਗਏ ਵੱਖ ਵੱਖ ਜ਼ਿਲ੍ਹਿਆਂ ਦੇ ਨਿਰੀਖਣ ਦੇ ਦੌਰਾਨ ਇਹ ਦੇਖਣ ਵਿਚ ਆਇਆ ਹੈ ਕਿ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵੱਲੋਂ ਤਿਆਰ ਕੀਤੀ ਗਈਆਂ ਪਹਿਲੀ ਜਮਾਤ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਦੀਆਂ ਅਭਿਆਸ ਪੁਸਤਕਾਂ ਜੋ ਕਿ ਚਲਦੇ ਸੈਸ਼ਨ ਦੌਰਾਨ 2009-10 ਦੇ ਸ਼ੁਰੂ ਵਿੱਚ ਹੀ ਵਿਦਿਆਰਥੀਆ ਨੂੰ ਦਿੱਤੀਆਂ ਗਈਆਂ ਸਨ। ਇਹ ਅਭਿਆਸ ਪੁਸਤਕਾਂ ਵਿੱਚ ਵਿਸ਼ਾ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਕੋਈ ਵੀ ਕੰਮ ਨਹੀਂ ਕਰਵਾਇਆ ਗਿਆ। ਜੇਕਰ ਕੰਮ ਕਰਵਾਇਆਂ ਵੀ ਗਿਆ ਹੈ ਤਾਂ ਫਿਰ ਇਸ ਦੀ ਵਿਸ਼ਾ-ਅਧਿਆਪਕ ਵੱਲੋਂ ਚੈਕਿੰਗ ਦੀ ਕਮੀ ਪਾਈ ਗਈ ਹੈ, ਜਦੋਂ ਕਿ ਇਹ ਅਭਿਆਸ ਪੁਸਤਕਾਂ ਦਾ ਕੰਮ ਵਿਸ਼ੇਸ਼ ਕਰਕੇ ਪਾਠਕ੍ਰਮ ਦੇ ਨਾਲ-ਨਾਲ ਹੀ ਕਰਵਾਉਣਾ ਬਣਦਾ ਸੀ ਤਾਂ ਜੋ ਵਿਦਿਆਰਥੀਆਂ ਦੀ ਅਭਿਆਸ ਪੁਸਤਕਾਂ ਦੇ ਨਾਲ ਵਿਸ਼ੇ ਸਬੰਧੀ ਵੱਧ ਤੋਂ ਵੱਧ ਦੁਹਰਾਈ ਹੋ ਸਕਦੀ ਅਤੇ ਵਿਦਿਆਰਥੀਆਂ ਨੂੰ ਅਭਿਆਸ ਪੁਸਤਕਾਂ ਦੇਣ ਦਾ ਮੰਤਵ ਪੂਰਾ ਹੋ ਸਕਦਾ।

3.0 ਇਸ ਮੰਤਵ ਨੂੰ ਪੂਰਾ ਕਰਨ ਲਈ, ਆਪ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਪਾਈ ਗਈ ਤਰੁੱਟੀ ਦਾ ਸਮੇਂ ਸਿਰ ਨੋਟਿਸ ਲੈਣ ਲਈ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਵਿਦਿਆਰਥੀਆਂ ਨੂੰ ਇਹ ਅਭਿਆਸ ਪੁਸਤਕਾਂ ਦਾ ਵਿਸ਼ੇ ਦੇ ਨਾਲ ਨਾਲ ਹੀ ਕੰਮ ਕਰਵਾਇਆ ਜਾਵੇ ਅਤੇ ਸਬੰਧਤ ਵਿਸ਼ਾ ਅਧਿਆਪਕਾ ਦੁਆਰਾ ਚੈੱਕ ਵੀ ਕੀਤਾ ਜਾਵੇ।ਇਹ ਹੋਰ ਵੀ ਉਚਿਤ ਹੋਵੇਗਾ ਜੇਕਰ ਇਹ ਅਭਿਆਸ ਪੁਸਤਕਾਂ ਦੇ ਦਿੱਤੇ ਗਏ ਪਾਠਕ੍ਰਮ ਨੂੰ ਦਸਬੰਰ 2009 ਦੀ ਹੋਣ ਵਾਲੀ ਪ੍ਰੀਖਿਆ ਦੀ ਦੁਹਰਾਈ ਲਈ ਵਰਤਿਆ ਜਾਵੇ ਅਤੇ ਕੌਤਾਹੀ ਦੀ ਸੂਰਤ ਵਿਚ ਸਬੰਧਤ ਅਧਿਆਪਕਾਂ ਵਿਰੁੱਧ ਸਰਕਾਰੀ ਹੁਕਮਾਂ ਦੀ ਉਲੰਘਣਾ ਕਰਨ ਕਾਰਨ ਅਨੁਸ਼ਾਸ਼ਨਿਕ ਕਾਰਵਾਈ ਕੀਤੀ ਜਾਵੇ।

5.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**